12 Beds, 7 Baths For 24 Guests 905-965-4644
ਦੰਦਾਂ ਦੀ ਦੇਖਭਾਲ 647-625-7205
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਸਸਤੀਆਂ ਹਵਾਈ ਟਿਕਟਾਂ 905-595-1700
ਬੈੱਡ ਬਗਾਜ਼ (ਖਟਮਲ) ਖ਼ਤਮ 647-688-3944
12 Beds, 7 Baths For 24 Guests 905-965-4644
ਬੈੱਡ ਬਗਾਜ਼ (ਖਟਮਲ) ਖ਼ਤਮ 647-688-3944
ਮਰਦਾਨਾ ਕਮਜ਼ੋਰੀ 416-992-5489

US ਨੇ 149 ਹੋਰ ਭਾਰਤੀ ਬੇੜੀਆਂ 'ਚ ਜਕੜ ਕੇ ਕੀਤੇ Deport

ਸੈਨ ਹੋਜ਼ੇ: ਅਮਰੀਕਾ 'ਚ ਗ਼ੈਰ-ਕਾਨੂੰਨੀ ਤਰੀਕੇ ਨਾਲ ਦਾਖ਼ਲ ਹੋਏ ਅਤੇ ਬਿਨਾਂ ਦਸਤਾਵੇਜ਼ਾਂ ਤੋਂ ਰਹਿ ਰਹੇ ਭਾਰਤੀਆਂ 'ਤੇ ਸ਼ਿਕੰਜਾ ਕੱਸਦੇ ਹੋਏ ਅਮਰੀਕੀ ਸਰਕਾਰ ਨੇ ਇੱਕ ਵਾਰ ਫ਼ਿਰ ਵੱਡੀ ਕਾਰਵਾਈ ਕੀਤੀ ਹੈ। ਤਾਜ਼ਾ ਜਾਣਕਾਰੀ ਅਨੁਸਾਰ ਅਮਰੀਕਾ ਵਲੋਂ 149 ਭਾਰਤੀ ਨਾਗਰਿਕਾਂ ਨੂੰ ਡੀਪੋਰਟ ਕਰ ਕੇ ਭਾਰਤ ਵਾਪਿਸ ਭੇਜ ਦਿੱਤਾ ਗਿਆ ਹੈ। ਇਨ੍ਹਾਂ 'ਚ ਜ਼ਿਆਦਾਤਰ ਨੌਜਵਾਨ ਕਰਨਾਲ ਨਾਲ ਸਬੰਧਤ ਦੱਸੇ ਜਾ ਰਹੇ ਹਨ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਵੀ ਅਮਰੀਕਾ ਵਲੋਂ ਕਈ ਭਾਰਤੀ ਬੇੜੀਆਂ 'ਚ ਬੰਨ੍ਹ ਕੇ ਵਿਸ਼ੇਸ਼ ਜਹਾਜ਼ਾਂ ਰਾਹੀਂ ਡੀਪੋਰਟ ਕੀਤੇ ਗਏ ਸਨ।

ਟਰੰਪ ਦੀ ਅਮੈਰੀਕਾ ਫ਼ਸਟ ਨੀਤੀ ਦਾ ਅਸਰ: ਸੂਤਰਾਂ ਅਨੁਸਾਰ ਜਦੋਂ ਤੋਂ ਅਮਰੀਕਾ 'ਚ ਡੌਨਲਡ ਟਰੰਪ ਦੀ ਸਰਕਾਰ ਆਈ ਹੈ, ਓਦੋਂ ਤੋਂ America First ਦੀ ਨੀਤੀ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ। ਰਾਸ਼ਟਰਪਤੀ ਟਰੰਪ ਨੇ ਪਹਿਲਾਂ ਹੀ ਚੇਤਾਵਨੀ ਦਿੱਤੀ ਸੀ ਕਿ ਜਿਹੜੇ ਪ੍ਰਵਾਸੀ ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ 'ਚ ਰਹਿ ਰਹੇ ਹਨ ਜਾਂ ਕਿਸੇ ਅਪਰਾਧਕ ਗਤੀਵਿਧੀ 'ਚ ਸ਼ਾਮਿਲ ਹਨ, ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕਰਦਿਆਂ ਉਨ੍ਹਾਂ ਨੂੰ ਡੀਪੋਰਟ ਕੀਤਾ ਜਾਵੇਗਾ। ਇਸੇ ਚੇਤਾਵਨੀ ਦੇ ਤਹਿਤ ਹੁਣ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵਾਪਿਸ ਭੇਜਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ।

ਕਰਨਾਲ ਦੇ 15 ਨੌਜਵਾਨ ਸ਼ਾਮਿਲ: ਡੀਪੋਰਟ ਕੀਤੇ ਗਏ ਇਨ੍ਹਾਂ 149 ਭਾਰਤੀਆਂ 'ਚ ਹਰਿਆਣਾ ਦੇ ਕਰਨਾਲ ਜ਼ਿਲ੍ਹੇ ਦੇ 15 ਨੌਜਵਾਨ ਸ਼ਾਮਿਲ ਦੱਸੇ ਜਾ ਰਹੇ ਹਨ। ਇਨ੍ਹਾਂ 'ਚੋਂ ਇੱਕ ਅਜਿਹਾ ਨੌਜਵਾਨ ਵੀ ਹੈ ਜਿਸ ਨੇ ਅਮਰੀਕਾ ਜਾਣ ਦੇ ਸੁਪਨੇ ਨੂੰ ਪੂਰਾ ਕਰਨ ਲਈ 65 ਲੱਖ ਰੁਪਏ ਖ਼ਰਚ ਕੀਤੇ ਸਨ, ਪਰ ਹੁਣ ਉਸ ਨੂੰ ਖ਼ਾਲੀ ਹੱਥ ਵਾਪਿਸ ਪਰਤਣਾ ਪਿਆ ਹੈ। ਹਾਲਾਂਕਿ ਪੰਜਾਬ ਨਾਲ ਸਬੰਧਤ ਕਿੰਨੇ ਨੌਜਵਾਨ ਇਸ 'ਚ ਸ਼ਾਮਿਲ ਹਨ, ਇਸ ਬਾਰੇ ਜਾਣਕਾਰੀ ਅਜੇ ਸਾਹਮਣੇ ਨਹੀਂ ਆਈ।

ਪਹਿਲਾਂ ਵੀ ਆ ਚੁੱਕੇ ਹਨ ਜਹਾਜ਼: ਇਹ ਕੋਈ ਪਹਿਲਾ ਮਾਮਲਾ ਨਹੀਂ ਹੈ; ਇਸ ਤੋਂ ਪਹਿਲਾਂ ਵੀ ਅਮਰੀਕਾ ਵਲੋਂ ਕਈ ਵਾਰ ਜਹਾਜ਼ ਭਰ-ਭਰ ਕੇ ਭਾਰਤੀਆਂ ਨੂੰ ਡੀਪੋਰਟ ਕੀਤਾ ਜਾ ਚੁੱਕਾ ਹੈ। ਪਹਿਲਾਂ ਇਹ ਜਹਾਜ਼ ਅੰਮ੍ਰਿਤਸਰ ਏਅਰਪੋਰਟ 'ਤੇ ਉਤਰਦੇ ਸਨ, ਪਰ ਇਸ ਵਾਰ ਇਨ੍ਹਾਂ ਨੌਜਵਾਨਾਂ ਨੂੰ ਵੱਖ-ਵੱਖ ਫ਼ਲਾਈਟਾਂ ਰਾਹੀਂ ਵਾਪਿਸ ਭੇਜਿਆ ਜਾ ਰਿਹਾ ਹੈ। ਅਮਰੀਕੀ ਸਰਕਾਰ ਦੀ ਇਸ ਸਖ਼ਤੀ ਨੇ ਗ਼ੈਰ-ਕਾਨੂੰਨੀ ਤਰੀਕੇ ਨਾਲ ਉੱਥੇ ਰਹਿ ਰਹੇ ਹੋਰਨਾਂ ਭਾਰਤੀਆਂ 'ਚ ਵੀ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ।

Canada 'ਚ ਲੜਕੀਆਂ ਨਾਲ ਗ਼ਲਤ ਕੰਮ ਕਰਨ ਵਾਲਾ ਪੰਜਾਬੀ ਗ੍ਰਿਫ਼ਤਾਰ



ਬਰੈਂਪਟਨ: ਕੈਨੇਡਾ ਦੇ ਬਰੈਂਪਟਨ ਸ਼ਹਿਰ ਤੋਂ ਇੱਕ ਬੇਹੱਦ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ ਜਿੱਥੇ ਇੱਕ ਪੰਜਾਬੀ ਵਿਅਕਤੀ ਵਲੋਂ ਪੰਜਾਬੀ ਭਾਈਚਾਰੇ ਦਾ ਸਿਰ ਸ਼ਰਮ ਨਾਲ ਨੀਵਾਂ ਕਰ ਦਿੱਤਾ ਗਿਆ ਹੈ। ਬਰੈਂਪਟਨ ਪੁਲੀਸ ਨੇ ਤਜਿੰਦਰ ਧਾਲੀਵਾਲ (ਤਾਲੀਵਾਲ) ਨਾਮ ਦੇ ਇੱਕ ਵਿਅਕਤੀ ਨੂੰ ਭੋਲੀਆਂ-ਭਾਲੀਆਂ ਲੜਕੀਆਂ ਨੂੰ ਨੌਕਰੀ ਦਾ ਝਾਂਸਾ ਦੇ ਕੇ ਉਨ੍ਹਾਂ ਦਾ ਜਿਨਸੀ ਸ਼ੋਸ਼ਣ ਕਰਨ ਦੇ ਗੰਭੀਰ ਇਲਜ਼ਾਮਾਂ ਹੇਠ ਗ੍ਰਿਫ਼ਤਾਰ ਕੀਤਾ ਹੈ।

ਨੌਕਰੀ ਦੇ ਬਦਲੇ ਜਿਸਮ ਦੀ ਮੰਗ: ਪ੍ਰਾਪਤ ਜਾਣਕਾਰੀ ਅਨੁਸਾਰ ਤਜਿੰਦਰ ਨੇ ਨੌਕਰੀਆਂ ਲਈ ਇਸ਼ਤਿਹਾਰ ਦਿੱਤੇ ਹੋਏ ਸਨ ਅਤੇ ਖ਼ਾਸ ਤੌਰ 'ਤੇ ਲੜਕੀਆਂ ਦੀ ਡਿਮਾਂਡ ਕੀਤੀ ਸੀ। ਜਦੋਂ ਲੜਕੀਆਂ ਕੰਮ ਦੀ ਭਾਲ 'ਚ ਉਸ ਕੋਲ ਪਹੁੰਚਦੀਆਂ ਸਨ ਤਾਂ ਉਹ ਨੌਕਰੀ ਦੇਣ ਦੇ ਬਦਲੇ ਉਨ੍ਹਾਂ ਤੋਂ ਸ਼ਰੀਰਕ ਸਬੰਧ ਬਣਾਉਣ ਦੀ ਮੰਗ ਕਰਦਾ ਸੀ। ਉਹ ਲੜਕੀਆਂ 'ਤੇ ਇਸ ਕੰਮ ਲਈ ਲਗਾਤਾਰ ਦਬਾਅ ਪਾਉਂਦਾ ਅਤੇ ਉਨ੍ਹਾਂ ਨੂੰ ਮਜਬੂਰ ਕਰਦਾ ਸੀ।

ਪੀੜਤਾ ਦੀ ਹਿੰਮਤ ਨੇ ਖੋਲ੍ਹੀ ਪੋਲ: ਇਸ ਘਿਨਾਉਣੇ ਕਾਰੇ ਦਾ ਖ਼ੁਲਾਸਾ ਓਦੋਂ ਹੋਇਆ ਜਦੋਂ ਦੋ ਲੜਕੀਆਂ ਉਸ ਕੋਲ ਨੌਕਰੀ ਲੈਣ ਲਈ ਗਈਆਂ ਸਨ। ਤਜਿੰਦਰ ਵਲੋਂ ਜਦੋਂ ਇੱਕ ਲੜਕੀ 'ਤੇ ਸ਼ਰੀਰਕ ਸਬੰਧ ਬਣਾਉਣ ਲਈ ਦਬਾਅ ਪਾਇਆ ਗਿਆ ਤਾਂ ਉਸ ਬਹਾਦਰ ਲੜਕੀ ਨੇ ਡਰਨ ਦੀ ਬਜਾਏ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾ ਦਿੱਤੀ। ਸ਼ਿਕਾਇਤ ਮਿਲਦੇ ਹੀ ਬਰੈਂਪਟਨ ਪੁਲੀਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਤਜਿੰਦਰ ਨੂੰ ਗ੍ਰਿਫ਼ਤਾਰ ਕਰ ਲਿਆ।

ਪੁਲੀਸ ਦੀ ਹੋਰ ਪੀੜਤਾਂ ਨੂੰ ਅਪੀਲ: ਬਰੈਂਪਟਨ ਪੁਲੀਸ ਵਲੋਂ ਮੁਲਜ਼ਮ ਤਜਿੰਦਰ ਦੀ ਤਸਵੀਰ ਵੀ ਜਾਰੀ ਕੀਤੀ ਗਈ ਹੈ। ਪੁਲੀਸ ਨੇ ਕਿਹਾ ਹੈ ਕਿ ਜੇਕਰ ਇਸ ਵਿਅਕਤੀ ਨੇ ਕਿਸੇ ਹੋਰ ਵੀ ਮਹਿਲਾ ਜਾਂ ਲੜਕੀ ਨਾਲ ਅਜਿਹੀ ਕੋਈ ਹਰਕਤ ਕੀਤੀ ਹੈ ਤਾਂ ਉਹ ਬਿਨਾਂ ਕਿਸੇ ਡਰ ਦੇ ਸਾਹਮਣੇ ਆਉਣ ਅਤੇ ਇਸ ਦੇ ਖ਼ਿਲਾਫ਼ ਆਪਣੀ ਸ਼ਿਕਾਇਤ ਦਰਜ ਕਰਵਾਉਣ।

ਦੱਸਣਯੋਗ ਹੈ ਕਿ ਵਿਦੇਸ਼ਾਂ 'ਚ ਅਕਸਰ ਪੰਜਾਬੀ ਲੜਕੀਆਂ ਆਪਣੇ ਆਪ ਨੂੰ ਪੰਜਾਬੀ ਨੌਜਵਾਨਾਂ ਦੇ ਆਲੇ-ਦੁਆਲੇ ਸੁਰੱਖਿਅਤ ਮਹਿਸੂਸ ਕਰਦੀਆਂ ਹਨ, ਪਰ ਅਜਿਹੀਆਂ ਘਟਨਾਵਾਂ ਭਾਈਚਾਰੇ ਦੇ ਅਕਸ ਨੂੰ ਗੰਭੀਰ ਸੱਟ ਪਹੁੰਚਾਉਂਦੀਆਂ ਹਨ।

ਟਰੰਪ ਵਲੋਂ ਕੈਨੇਡਾ 'ਤੇ 50% Tariffs ਲਗਾਉਣ ਦੀ ਧਮਕੀ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਕੈਨੇਡਾ ਵਿਰੁੱਧ ਸਖ਼ਤ ਰੁਖ਼ ਅਖਤਿਆਰ ਕਰਦਿਆਂ ਜਹਾਜ਼ਾਂ ਦੀ ਦਰਾਮਦ 'ਤੇ ਭਾਰੀ ਵਪਾਰਕ ਜੁਰਮਾਨੇ ਅਤੇ ਟੈਰਿਫ਼ ਲਗਾਉਣ ਦੀ ਧਮਕੀ ਦਿੱਤੀ ਹੈ। ਟਰੰਪ ਨੇ ਔਟਵਾ 'ਤੇ ਅਮਰੀਕਾ 'ਚ ਬਣੇ ਜਹਾਜ਼ਾਂ ਨੂੰ ਰੋਕਣ ਦਾ ਦੋਸ਼ ਲਗਾਇਆ ਹੈ, ਅਤੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਇਸ ਵਿਵਾਦ ਨੂੰ ਤੁਰੰਤ ਹੱਲ ਨਾ ਕੀਤਾ ਗਿਆ ਤਾਂ ਕੈਨੇਡਾ ਨੂੰ ਭਾਰੀ ਕੀਮਤ ਚੁਕਾਉਣੀ ਪਵੇਗੀ।

ਟਰੰਪ ਨੇ **ਠਰੁਟਹ ਚਇਲ** 'ਤੇ ਇੱਕ ਪੋਸਟ ਸ਼ੇਅਰ ਕਰਦੇ ਹੋਏ ਕਿਹਾ ਕਿ ਕੈਨੇਡਾ ਨੇ ਗ਼ਲਤ ਅਤੇ ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕੀ ਕੰਪਨੀ ਦੇ **Gulfstream** 500, 600, 700 ਅਤੇ 800 ਜੈੱਟਾਂ ਨੂੰ ਸਰਟੀਫ਼ਿਕੇਟ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਇਨ੍ਹਾਂ ਜਹਾਜ਼ਾਂ ਨੂੰ ਦੁਨੀਆ ਦੇ ਸਭ ਤੋਂ ਉੱਨਤ ਜਹਾਜ਼ ਦੱਸਿਆ। ਇਸ ਦੇ ਜਵਾਬ 'ਚ ਟਰੰਪ ਨੇ ਐਲਾਨ ਕੀਤਾ ਕਿ ਅਮਰੀਕਾ ਹੁਣ ਕੈਨੇਡਾ ਦੇ **Bombardier Global Express** ਅਤੇ ਹੋਰ ਸਾਰੇ ਕੈਨੇਡੀਅਨ ਜਹਾਜ਼ਾਂ ਦੀ ਮਾਨਤਾ ਰੱਦ ਕਰ ਦੇਵੇਗਾ।

ਟਰੰਪ ਨੇ ਸਪੱਸ਼ਟ ਕੀਤਾ ਕਿ ਜੇਕਰ ਕੈਨੇਡਾ ਨੇ ਆਪਣੀ ਰੈਗੂਲੇਟਰੀ ਪ੍ਰਕਿਰਿਆ ਰਾਹੀਂ ਅਮਰੀਕੀ ਉਤਪਾਦਾਂ ਦੀ ਵਿਕਰੀ ਨੂੰ ਰੋਕਣਾ ਬੰਦ ਨਾ ਕੀਤਾ ਤਾਂ ਉਹ ਅਮਰੀਕਾ 'ਚ ਵਿਕਣ ਵਾਲੇ ਕਿਸੇ ਵੀ ਕੈਨੇਡੀਅਨ ਜਹਾਜ਼ਾਂ 'ਤੇ 50 ਫ਼ੀਸਦੀ ਟੈਰਿਫ਼ਸ ਲਗਾਉਣਗੇ। ਦੂਜੇ ਪਾਸੇ ਟਰੰਪ ਦੇ ਇਸ ਫ਼ੈਸਲੇ ਦੀ ਡੈਮੋਕ੍ਰੈਟਿਕ ਪਾਰਟੀ ਵਲੋਂ ਤਿੱਖੀ ਆਲੋਚਨਾ ਕੀਤੀ ਜਾ ਰਹੀ ਹੈ। ਨਿਊ ਯੌਰਕ ਤੋਂ ਸੈਨੇਟਰ ਕਿਰਸਟਨ ਗਿਲੀਬ੍ਰੈਂਡ ਨੇ ਇਸ ਕਦਮ ਨੂੰ ਲਾਪਰਵਾਹੀ ਵਾਲਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਟਰੰਪ ਲਗਾਤਾਰ ਆਪਣੇ ਨਜ਼ਦੀਕੀ ਸਹਿਯੋਗੀ ਦੇਸ਼ਾਂ ਨੂੰ ਟੈਰਿਫ਼ਾਂ ਦੀਆਂ ਧਮਕੀਆਂ ਦੇ ਰਹੇ ਹਨ ਜਿਸ ਦਾ ਖ਼ਾਮਿਆਜ਼ਾ ਆਮ ਜਨਤਾ ਅਤੇ ਛੋਟੇ ਕਾਰੋਬਾਰੀਆਂ ਨੂੰ ਭੁਗਤਣਾ ਪੈ ਰਿਹਾ ਹੈ।

ਕੈਨੇਡਾ ਅਮਰੀਕਾ ਦੇ ਸਭ ਤੋਂ ਵੱਡੇ ਵਪਾਰਕ ਭਾਈਵਾਲਾਂ 'ਚੋਂ ਇੱਕ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਜਹਾਜ਼ਾਂ ਦੀ ਸਰਟੀਫ਼ਿਕੇਸ਼ਨ ਨੂੰ ਲੈ ਕੇ ਸ਼ੁਰੂ ਹੋਇਆ ਇਹ ਵਿਵਾਦ ਦੋਵਾਂ ਦੇਸ਼ਾਂ ਦੇ ਡਿਪਲੋਮੈਟਿਕ ਅਤੇ ਵਪਾਰਕ ਸਬੰਧਾਂ 'ਚ ਵੱਡੀ ਦਰਾੜ ਪੈਦਾ ਕਰ ਸਕਦਾ ਹੈ। ਜੇਕਰ ਕੈਨੇਡੀਅਨ ਵਸਤੂਆਂ 'ਤੇ 100 ਫ਼ੀਸਦੀ ਤਕ ਟੈਰਿਫ਼ ਲਗਾਇਆ ਜਾਂਦਾ ਹੈ ਤਾਂ ਨਿਊ ਯੌਰਕ ਵਾਸੀਆਂ ਨੂੰ ਖਾਦ, ਬਿਜਲੀ ਅਤੇ ਕਾਰਾਂ ਦੇ ਹਿੱਸੇ (**Car Parts**) ਵਰਗੀਆਂ ਜ਼ਰੂਰੀ ਚੀਜ਼ਾਂ ਲਈ ਜ਼ਿਆਦਾ ਕੀਮਤ ਚੁਕਾਉਣੀ ਪਵੇਗੀ। ਉਨ੍ਹਾਂ ਦਾਅਵਾ ਕੀਤਾ ਕਿ ਪਿਛਲੇ ਸਾਲ ਲਗਾਏ ਗਏ ਟੈਰਿਫ਼ਾਂ ਕਾਰਨ ਨਿਊ ਯੌਰਕ ਦੇ ਪਰਿਵਾਰਾਂ 'ਤੇ ਲਗਭਗ 4, 200 ਡਾਲਰਾਂ ਦਾ ਵਾਧੂ ਬੋਝ ਪਿਆ ਹੈ।

Home Care Workers ਅਤੇ Nanies ਲਈ PR 416-848-3930

ਕਿਬੈਕ 'ਚ ਦੋ ਪੰਜਾਬੀਆਂ ਦਾ ਕਤਲ

ਔਟਵਾ: ਕੈਨੇਡਾ ਦੇ ਉੱਤਰੀ ਕਿਬੈਕ ਤੋਂ ਇੱਕ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ ਜਿੱਥੇ ਫ਼ਰਸਟ ਨੇਸ਼ਨ ਰੀਜ਼ਰਵ (**First Nation Reserve**) ਖੇਤਰ 'ਚ ਹੋਈ ਅੰਨ੍ਹੇਵਾਹ ਗੋਲੀਬਾਰੀ 'ਚ ਦੋ ਨੌਜਵਾਨਾਂ ਦੀ ਜਾਨ ਚਲੀ ਗਈ ਹੈ। ਉਸ ਘਟਨਾ ਤੋਂ ਬਾਅਦ ਪੂਰੇ ਇਲਾਕੇ 'ਚ ਦਹਿਸ਼ਤ ਦਾ ਮਾਹੌਲ ਹੈ, ਅਤੇ ਸਥਾਨਕ ਪ੍ਰਸ਼ਾਸਨ ਨੇ ਲੋਕਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਸਖ਼ਤ ਕਦਮ ਚੁੱਕੇ ਹਨ।

ਗੱਡੀ ਦੇ ਅੰਦਰ ਮਾਰੀਆਂ ਗੋਲੀਆਂ: ਕਿਬੈਕ ਸੂਬਾਈ ਪੁਲੀਸ ਦੇ ਸਾਰਜੈਂਟ ਹਿਊਗਸ ਬੋਲਿਊ ਅਨੁਸਾਰ ਇਹ ਵਾਰਦਾਤ ਬੁੱਧਵਾਰ ਰਾਤ ਨੂੰ ਕਰੀਬ 9 ਵਜੇ ਵਾਪਰੀ। ਮ੍ਰਿਤਕਾਂ ਦੀ ਉਮਰ ਲਗਭਗ 30 ਸਾਲ ਦੇ ਕਰੀਬ ਦੱਸੀ ਜਾ ਰਹੀ ਹੈ ਅਤੇ ਦੋਵੇਂ ਸਥਾਨਕ ਨਿਵਾਸੀ ਸਨ। ਹਮਲਾਵਰਾਂ ਨੇ ਉਨ੍ਹਾਂ ਨੂੰ ਇੱਕ ਵਾਹਨ (ਗੱਡੀ) ਦੇ ਅੰਦਰ ਨਿਸ਼ਾਨਾ ਬਣਾਇਆ ਜਿੱਥੇ ਮੌਕੇ 'ਤੇ ਹੀ ਉਨ੍ਹਾਂ ਦੀ ਮੌਤ ਹੋ ਗਈ।

ਸੰਗਠਿਤ ਅਪਰਾਧ ਨਾਲ ਜੁੜੇ ਹੋ ਸਕਦੇ ਹਨ ਤਾਰ: ਪੁਲੀਸ ਅਧਿਕਾਰੀਆਂ ਨੇ ਖ਼ਦਸ਼ਾ ਜਤਾਇਆ ਹੈ ਕਿ ਇਹ ਹਤਿਆਵਾਂ ਸੰਗਠਿਤ ਅਪਰਾਧ (**Organized Crime**) ਨਾਲ ਜੁੜੀਆਂ ਹੋ ਸਕਦੀਆਂ ਹਨ। ਹਾਲਾਂਕਿ ਪੁਲੀਸ ਨੇ ਦਾਅਵਾ ਕੀਤਾ ਹੈ ਕਿ ਫ਼ਿਲਹਾਲ ਇਲਾਕੇ 'ਚ ਕੋਈ ਸਰਗਰਮ ਸ਼ੂਟਰ ਨਹੀਂ, ਪਰ ਮਾਮਲੇ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

ਲੋਕਾਂ ਦੀ ਆਵਾਜਾਈ 'ਤੇ ਰੋਕ: ਇਸ ਘਾਤਕ ਗੋਲੀਬਾਰੀ ਤੋਂ ਬਾਅਦ ਮਿਸਟਿਸਿਨੀ ਦੇ ਕ੍ਰੀ ਨੇਸ਼ਨ (**Cree Nation**) ਇਲਾਕੇ ਦੇ ਪ੍ਰਸ਼ਾਸਨ ਨੇ ਲੋਕਾਂ ਦੀ ਸੁਰੱਖਿਆ ਲਈ ਉਨ੍ਹਾਂ ਦੀ ਆਵਾਜਾਈ 'ਤੇ ਰੋਕ ਲਗਾ ਦਿੱਤੀ ਹੈ। ਕਮਿਊਨਿਟੀ ਚੀਫ਼ ਮਾਈਕਲ ਪੇਟਾਵਾਵਾਨੋ ਨੇ ਇੱਕ ਬਿਆਨ 'ਚ ਕਿਹਾ ਕਿ ਇਹ ਪਾਬੰਦੀ ਓਦੋਂ ਤਕ ਲਾਗੂ ਰਹੇਗੀ ਜਦੋਂ ਤਕ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਸਥਿਤੀ ਦੇ ਪੂਰੀ ਤਰ੍ਹਾਂ ਸੁਰੱਖਿਅਤ ਹੋਣ ਦੀ ਪੁਸ਼ਟੀ ਨਹੀਂ ਕਰ ਦਿੰਦੀਆਂ।

ਦੰਦਾਂ ਦੀ ਦੇਖਭਾਲ 647-625-7205
ਇੰਡੀਅਨ ਵੀਜ਼ਾ OCI & Passport Renewal 514-389-7070
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
Home Care Workers ਅਤੇ Nanies ਲਈ PR 416-848-3930
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
ਲੀਗਲ ਸੇਵਾਵਾਂ 905-913-2355
Line of Credit Fix Bad Credit Get OSAP Loan 905-965-4644
ਵਕੀਲ ਦੀ ਲੋੜ ? 905-362-0755

ਪਹਿਲੇ ਸਫ਼ੇ ਦੀ ਬਾਕੀ

ਡੇਰਾ ਬਿਆਸ ਮੁਖੀ ਦਾ ਪੰਜਾਬ ਦੀ ਸਿਆਸਤ 'ਚ ਰਸੂਖ਼ ਹੋਣ ਤੋਂ ਪਹਿਲਾਂ ਗੁਰਿੰਦਰ ਸਿੰਘ ਸਪੇਨ 'ਚ ਰਹਿੰਦੇ ਸਨ। ਡੇਰੇ ਮੁਤਾਬਿਕ ਹੁਣ ਉਹ ਸੇਵਾਮੁਕਤ ਹਨ ਅਤੇ ਆਪਣੀ ਆਮਦਨੀ ਨਾਲ ਆਪਣਾ ਗ਼ੁਜ਼ਾਰਾ ਕਰਦੇ ਹਨ। ਸੇਵਾ ਦੇ ਨਿਯਮਾਂ ਅਨੁਸਾਰ ਉਹ ਸੰਸਥਾ ਤੋਂ ਕੋਈ ਤਨਖ਼ਾਹ ਨਹੀਂ ਲੈਂਦੇ। ਡੇਰਾ ਬਿਆਸ ਮੁਖੀ ਗੁਰਿੰਦਰ ਢਿੱਲੋਂ ਨੇ ਸਤੰਬਰ 2024 ਨੂੰ ਰਾਧਾ ਸੁਆਮੀ ਸਤਿਸੰਗ ਬਿਆਸ ਦਾ ਅਗਲਾ ਉਤਰਾਅਧਿਕਾਰੀ ਜਸਦੀਪ ਸਿੰਘ ਗਿੱਲ ਨੂੰ ਨਿਯੁਕਤ ਕੀਤਾ ਸੀ। ਉਸ ਤੋਂ ਬਾਅਦ ਗੁਰਿੰਦਰ ਢਿੱਲੋਂ ਦੀ ਪੰਜਾਬ ਦੀ ਸਿਆਸਤ 'ਚ ਸਰਗਰਮੀ ਵਧਦੀ ਦੇਖਣ 'ਚ ਆਈ।

ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ ਦੇ ਰਾਜਨੀਤੀ ਸ਼ਾਸਤਰ ਵਿਭਾਗ ਤੋਂ ਸੇਵਾਮੁਕਤ ਹੋਏ ਪ੍ਰੋਫ਼ੈਸਰ ਜਗਰੂਪ ਸਿੰਘ ਸੇਖੋਂ ਦਾ ਮੰਨਣਾ ਹੈ ਕਿ ਡੇਰਾ ਰਾਧਾ ਸੁਆਮੀ ਸਤਿਸੰਗ ਬਿਆਸ ਆਪਣੇ ਆਪ 'ਚ ਕਾਫ਼ੀ ਤਾਕਤ ਰੱਖਦਾ ਹੈ। ਪ੍ਰੋ. ਜਗਰੂਪ ਕਹਿੰਦੇ ਹਨ, "ਡੇਰਾ ਬਿਆਸ ਨੂੰ ਮੰਨਣ ਵਾਲੇ ਕਾਫ਼ੀ ਕੱਟੜ ਹਨ, ਅਤੇ ਉਨ੍ਹਾਂ ਨੇ ਗੁਰਿੰਦਰ ਢਿੱਲੋਂ ਵਲੋਂ ਨਿਯੁਕਤ ਕੀਤੇ ਉਤਰਾਅਧਿਕਾਰੀ ਨੂੰ ਵੀ ਉਸ ਤਰ੍ਹਾਂ ਸਵਿਕਾਰ ਨਹੀਂ ਕੀਤਾ। ਦੂਜੇ ਪਾਸੇ ਇੱਕ ਕਾਫ਼ੀ ਗੰਭੀਰ ਮਾਮਲੇ 'ਚ ਮੁਲਜ਼ਮ ਬਾਰੇ ਇਸ ਤਰ੍ਹਾਂ ਸ਼ਰੇਆਮ ਬਿਆਨ ਦੇਣਾ ਅਤੇ ਬਿਕਰਮ ਮਜੀਠੀਆ ਨਾਲ ਮੁਲਾਕਾਤ ਕਰਨੀ, ਇਹ ਸਾਰਾ 2027 ਦਾ ਇੱਕ ਸੀਨ ਤਿਆਰ ਹੋ ਰਿਹਾ ਹੈ।" ਡੇਰਾ ਮੁਖੀ ਗੁਰਿੰਦਰ ਢਿੱਲੋਂ ਦੀ ਪੰਜਾਬ ਦੀ ਸਿਆਸਤ 'ਚ ਵਧਦੀ ਸਰਗਰਮੀ ਬਾਰੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਮਾਜ ਸ਼ਾਸਤਰ ਦੇ ਸਾਬਕਾ ਪ੍ਰੋਫ਼ੈਸਰ ਪਰਮਜੀਤ ਸਿੰਘ ਨੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਦਿਤਿਆਨਾਥ ਦੀ ਉਦਾਹਰਣ ਦਿੰਦਿਆਂ ਸਵਾਲ ਕੀਤਾ ਕਿ ਜੇ ਉਹ ਮੁੱਖ ਮੰਤਰੀ ਬਣ ਸਕਦੇ ਹਨ ਤਾਂ ਗੁਰਿੰਦਰ ਢਿੱਲੋਂ ਸਿਆਸਤ 'ਚ ਕਿਓਂ ਨਹੀਂ ਆ ਸਕਦੇ।

**ਡੇਰੇ ਅਤੇ ਗੁਰ